# ਦਫਤਰ ਨਗਰ ਨਿਗਮ, ਕਪੂਰਥਲਾ

ਨੋਟਿਸ ਅਧੀਨ ਧਾਰਾ 243/246(1) ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ, 1976 ਹੇਠ

(ਅੰਤਿਮ ਨੋਟਿਸ)

ਵੱਲ

ਸ਼੍ਰੀਮਤੀ ਰਾਜ ਕੌਰ ਉਰਫ ਰਾਣੀ ਪਤਨੀ ਸ਼੍ਰੀ ਮਹਿਲ ਸਿੰਘ,
ਵਾਸੀ ਮੁਹੱਲਾ ਧੱਕਾ ਕਲੌਨੀ, ਕਪੂਰਥਲਾ।

ਨੋਟਿਸ ਨੰ.....250/ATP ਮਿਤੀ..25/3/2025

ਆਪ ਨੂੰ ਇਸ ਦਫਤਰ ਵੱਲੋਂ ਪਹਿਲਾਂ ਵੀ ਨੋਟਿਸ ਨੰ.2560 ਮਿਤੀ07.03.2025 ਜਾਰੀ ਕੀਤਾ ਗਿਆ ਸੀ ਕਿ ਉਕਤ ਪਤੇ ਤੇ ਪੰਜਾਬ ਸਰਕਾਰ/ ਨਗਰ ਨਿਗਮ, ਕਪੂਰਥਲਾ ਦੀ ਜਗ੍ਹਾ ਤੇ ਮੁਦਾਖਲਤ ਕੀਤੀ ਹੈ ਕਿ ਜਿਸ ਦੇ ਕਰਨ ਦਾ ਆਪ ਨੂੰ ਕੋਈ ਕਾਨੂੰਨੀ ਅਧਿਕਾਰ ਨਹੀਂ ਹੈ।ਆਪ ਨੂੰ ਉਕਤ ਸਬੰਧੀ ਮਲਕੀਤੀ ਦਸਤਾਵੇਜ/ ਪ੍ਰਵਾਨ ਸ਼ੁਦਾ ਨਕਸ਼ੇ ਦੀ ਮੰਗ ਕੀਤੀ ਗਈ ਸੀ ਅਤੇ ਆਪ ਨੂੰ ਮਿਤੀ 24.3.2025 ਨੂੰ ਮਾਨਯੋਗ ਕਮਿਸ਼ਨਰ, ਨਗਰ ਨਿਗਮ, ਕਪੂਰਥਲਾ ਜੀ ਵੱਲੋਂ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ ਸੀ, ਪ੍ਰੰਤੂ ਆਪ ਨਿੱਜੀ ਸੁਣਵਾਈ ਤੇ ਹਾਜਰ ਨਹੀਂ ਹੋਏ ਅਤੇ ਨਾ ਹੀ ਆਪ ਵੱਲੋਂ ਕੋਈ ਜਵਾਬ ਇਸ ਦਫਤਰ ਵਿੱਚ ਪ੍ਰਾਪਤ ਹੋਇਆ ਹੈ।ਮਾਨਯੋਗ ਕਮਿਸ਼ਨਰ, ਨਗਰ ਨਿਗਮ, ਕਪੂਰਥਲਾ ਜੀ ਵੱਲੋਂ ਉਕਤ ਉਸਾਰੀ ਨੂੰ 15 ਦਿਨਾਂ ਦੇ ਅੰਦਰ -ਅੰਦਰ ਖਾਲੀ ਕਰਨ ਅਤੇ ਗਿਰਾਉਣ ਦੇ ਹੁਕਮ ਜਾਰੀ ਕੀਤੇ ਹਨ। (ਹੁਕਮਾ ਦੀ ਕਾਪੀ ਨੱਥੀ) ਇਨ੍ਹਾਂ ਹੁਕਮਾਂ ਦੀ ਇੰਨ-ਬਿੰਨ ਪਾਲਣਾਂ ਕੀਤੀ ਜਾਵੇ।

o/c

ਸਹਾਇਕ ਨਗਰ ਯੋਜਨਾਕਾਰ,
ਨਗਰ ਨਿਗਮ,ਕਪੂਰਥਲਾ,

Created with Scanner Mini

ਮੌਕੇ ਤੇ ਤਾਲਾ ਲੱਗਾ ਸੀ ਇਸ ਲਈ ਨੋਟਿਸ ਗੇਟ ਤੇ ਚਸਪਾ ਕਰ ਦਿੱਤਾ ਹੈ
ਅਤੇ ਚਸਪਾ ਕਰਨ ਤੋਂ ਇਲਾਵਾ ਰਜਿਸਟਰਡ ਪੋਸਟ ਵੀ ਕਰ ਦਿੱਤਾ ਹੈ ਜੀ,

[signature] 25/03/2025

A/P

MTP

[signature] 25/3

<Track on www.indiapost.gov.in>
<Dial 18002666868><Wear mask -Stay Safe>

भारतीय डाक
India Post

RP331521910IN IVR:8280331521910
RL KAPURTHALA TOWN SO <144601>
Counter No:2,26/03/2025,12:18
To:RAJ KAUR ...
PIN:144601, Kapurthala HO
From:NAGAR NIGAM OFFICE ,KPT
Wt:20gms,REG=17.0
Amt:25.96,Tax:3.96,Amt.Paid:26.00(Cash)
<Track on www.indiapost.gov.in>
<Dial 18002666868><Wear mask -Stay Safe>
भारतीय डाक

Created with Scanner Mini

# ਅੰਤਿਮ ਹੁਕਮ

ਨੰ: 2704 ਮਿਤੀ: 25/3/25

ਮੁੱਖ ਅਫਸਰ, ਥਾਣਾ ਸਿਟੀ, ਕਪੂਰਥਲਾ ਵੱਲੋਂ ਪੱਤਰ ਨੰ.121-5ਏ ਮਿਤੀ 06.03.2025 ਰਾਹੀਂ ਰਾਜ ਕੌਰ ਉਰਫ ਰਾਣੀ ਪਤਨੀ ਮਹਿਲ ਸਿੰਘ, ਵਾਸੀ ਮੁਹੱਲਾ ਧੱਕਾ ਕਲੋਨੀ, ਕਪੂਰਥਲਾ, ਵਿਰੁੱਧ ਪੱਤਰ ਜਾਰੀ ਕਰਦੇ ਹੋਏ ਇਸ ਦਫਤਰ ਨੂੰ ਲਿਖਿਆ ਕਿ ਇਹ ਉਕਤ ਪੱਤੇ ਤੇ ਰਹਿੰਦੀ ਹੈ ਅਤੇ ਨਸ਼ੇ ਦਾ ਕਾਰੋਬਾਰ ਕਰਦੀ ਹੈ ਅਤੇ ਇਸ ਨੇ ਸਰਕਾਰੀ ਜਗ੍ਹਾ ਤੇ ਕਬਜਾ ਕਰਕੇ ਘਰ ਬਣਾਇਆ ਹੋਇਆ ਹੈ, ਇਸ ਦੇ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਇਹ ਪੱਤਰ ਪ੍ਰਾਪਤ ਹੋਣ ਉਪਰੰਤ ਰੈਵੀਨਿਊਂ ਵਿਭਾਗ ਪਾਸੋਂ ਰਿਪੋਰਟ ਪ੍ਰਾਪਤ ਕੀਤੀ ਗਈ, ਜਿਸ ਤੇ ਵਿਭਾਗ ਵੱਲੋਂ ਲਿਖਿਆ ਕਿ ਇਸ ਦੋਸ਼ੀ ਦੇ ਨਾਮ ਤੇ ਕੋਈ ਵਾਹੀਯੋਗ ਜਮੀਨ ਨਹੀਂ ਹੈ ਅਤੇ ਦੋਸ਼ੀ ਦਾ ਘਰ ਸੀਵਰੇਜ ਟ੍ਰੀਟਮੈਂਟ ਪਲਾਂਟ ਦੇ ਨੇੜੇ ਹੈ।ਇਹ ਜਮਾਂਬੰਦੀ ਕਪੂਰਥਲਾ ਸ਼ਰਕੀ ਸਾਲ 2015-2016 ਦੇ ਖੇਵਟ ਖਾਤਾ ਨੰ. 129/231 ਵਿੱਚ ਦਰਜ ਖਸਰਾ ਨੰ.3100 ਵਿੱਚ ਹੈ। ਜੋ ਕਿ ਮਾਲਕੀ ਪੰਜਾਬ ਸਰਕਾਰ ਦੀ ਹੈ ਅਤੇ ਖਾਨਾ ਕਾਸ਼ਤ ਵਿੱਚ ਮਕਬੂਜਾ ਮਹਿਕਮਾ ਨਗਰ ਪਾਲਿਕਾ, ਕਪੂਰਥਲਾ ਦਰਜ ਹੈ।ਜਿਸਦੇ ਅਧਾਰ ਤੇ ਇਸ ਦਫਤਰ ਵੱਲੋਂ ਰਾਜ ਕੌਰ ਉਰਫ ਰਾਣੀ ਪਤਨੀ ਮਹਿਲ ਸਿੰਘ, ਵਾਸੀ ਮੁਹੱਲਾ ਧੱਕਾ ਕਲੋਨੀ, ਕਪੂਰਥਲਾ ਨੂੰ ਪੱਤਰ ਨੰ.2560 ਮਿਤੀ 07.03.2025 ਜਾਰੀ ਕਰਦੇ ਹੋਏ ਹਦਾਇਤ ਕੀਤੀ ਗਈ ਕਿ ਕਿਉਂਜੋ ਉਨ੍ਹਾਂ ਵੱਲੋਂ ਉਕਤ ਪਤੇ ਤੇ ਪੰਜਾਬ ਸਰਕਾਰ/ ਨਗਰ ਨਿਗਮ, ਕਪੂਰਥਲਾ ਦੀ ਜਗ੍ਹਾ ਤੇ ਮੁਦਾਖਲਤ ਕੀਤੀ ਹੈ ਅਤੇ ਨੋਟਿਸ ਮਿਲਣ ਦੇ 15 ਦਿਨਾਂ ਦੇ ਅੰਦਰ- ਅੰਦਰ ਉਨ੍ਹਾਂ ਪਾਸ ਜੇਕਰ ਉਕਤ ਕਬਜੇ ਵਾਲੀ ਜਗ੍ਹਾ ਦੇ ਕੋਈ ਮਲਕੀਤੀ ਦਸਤਾਵੇਜ ਜਿਵੇ ਕਿ ਰਜਿਸਟਰੀ/ਜਮਾਂਬੰਦੀ/ ਸਰਕਾਰ ਵੱਲੋਂ ਕੀਤੀ ਅਲਾਟਮੈਂਟ ਦੀ ਕਾਪੀ/ ਉਕਤ ਪ੍ਰਾਪਰਟੀ ਦਾ ਨਗਰ ਨਿਗਮ ਵੱਲੋਂ ਪਾਸ ਕੀਤੇ ਨਕਸ਼ੇ ਦੀ ਕਾਪੀ ਹੋਵੇ ਤਾਂ ਉਹ ਦਸਤਾਵੇਜ ਇਸ ਦਫਤਰ ਵਿੱਚ ਨਿੱਜੀ ਪੱਧਰ ਤੇ ਹਾਜਰ ਹੋ ਕੇ ਪੇਸ਼ ਕਰ ਸਕਦੇ ਹੋ ਅਤੇ ਉਕਤ ਸਬੰਧੀ ਉਨ੍ਹਾਂ ਨੂੰ ਮਿਤੀ 24.03.2025 ਨੂੰ ਸਵੇਰੇ ਮਾਨਯੋਗ ਕਮਿਸ਼ਨਰ, ਨਗਰ ਨਿਗਮ, ਕਪੂਰਥਲਾ ਜੀ ਦੇ ਸਨਮੁੱਖ ਨਿੱਜੀ ਸੁਣਵਾਈ ਦਾ ਮੌਕਾ ਦਿਤਾ ਜਾਂਦਾ ਹੈ।

ਇਸ ਜਾਰੀ ਕੀਤੇ ਨੋਟਿਸ ਦੀ ਇਕ ਕਾਪੀ ਰਾਜ ਕੌਰ ਉਰਫ ਰਾਣੀ ਪਤਨੀ ਮਹਿਲ ਸਿੰਘ, ਦੇ ਉਕਤ ਕਬਜੇ ਵਾਲੀ ਜਗ੍ਹਾ ਤੇ ਬਣਾਏ ਘਰ ਦੇ ਬਾਹਰ ਚੱਸਪਾ ਕਰ ਦਿੱਤੀ ਗਈ ਅਤੇ ਇਕ ਕਾਪੀ ਰਾਜ ਕੌਰ ਉਰਫ ਰਾਣੀ ਪਤਨੀ ਮਹਿਲ ਸਿੰਘ,ਦੇ ਪੁਲਿਸ ਵਿਭਾਗ ਵੱਲੋਂ ਦਿੱਤੇ ਪੱਤੇ ਉਪਰ ਰਜਿਸਟਰਡ ਡਾਕ ਰਾਹੀਂ ਭੇਜ ਦਿੱਤੀ ਗਈ (ਜੋ ਕਿ ਬਾਅਦ ਵਿੱਚ ਇਸ ਦਫਤਰ ਵਿੱਚ ਡਾਕ ਵਿਭਾਗ ਵੱਲੋਂ ਸਹੀ ਪਤੇ ਨਾ ਹੋਣ ਦਾ ਵੇਰਵਾ ਦਿੰਦੇ ਹੋਏ ਵਾਪਸ ਭੇਜ ਦਿੱਤੀ ਗਈ) ਅਤੇ ਇਸ ਜਾਰੀ ਕੀਤੇ ਨੋਟਿਸ ਨੂੰ ਨਗਰ ਨਿਗਮ, ਕਪੂਰਥਲਾ ਦੀ ਵੈਬ-ਸਾਇਟ ਤੇ ਅਪਲੋਡ ਕਰ ਦਿੱਤਾ ਗਿਆ ਅਤੇ ਇਸ ਜਾਰੀ ਕੀਤੇ ਗਏ ਨੋਟਿਸ ਦੀ ਜਾਣਕਾਰੀ ਮਾਨਯੋਗ ਡਿਪਟੀ ਕਮਿਸ਼ਨਰ, ਕਪੂਰਥਲਾ ਜੀ ਦੇ ਦਫਤਰ ਦੀ ਈ-ਮੇਲ ਆਈ.ਡੀ ਤੇ ਭੇਜ ਦਿੱਤੀ ਗਈ ਸੀ।

ਅੱਜ ਮਿਤੀ 24.03.2025 ਨੂੰ ਰਾਜ ਕੌਰ ਉਰਫ ਰਾਣੀ ਪਤਨੀ ਮਹਿਲ ਸਿੰਘ,ਕਾਬਜਕਰਤਾ ਜਾਂ ਉਸ ਦਾ ਕੋਈ ਨੁਮਾਇੰਦਾ ਨਿਰਧਾਰਤ ਨਿੱਜੀ ਸੁਣਵਾਈ ਦੇ ਸਮੇਂ ਹਾਜਰ ਨਾ ਹੋਇਆ।ਉਪਰੋਕਤ ਤੱਥਾ ਨੂੰ ਵਾਚਣ ਉਪਰੰਤ ਇਹ ਤੱਥ ਸਾਹਮਣੇ ਆਏ ਹਨ ਕਿ ਉਕਤ ਪ੍ਰਾਪਰਟੀ ਜਿੱਥੇ ਰਾਜ ਕੌਰ ਉਰਫ ਰਾਣੀ ਪਤਨੀ ਮਹਿਲ ਸਿੰਘ, ਕਾਬਜ ਹੈ।ਉਹ ਜਗ੍ਹਾ ਰੈਵੀਨਿਊਂ ਵਿਭਾਗ ਦੀ ਰਿਪੋਰਟ/ਫਰਦ ਜਮਾਂਬੰਦੀ ਅਨੁਸਾਰ ਮਾਲਕੀ ਪੰਜਾਬ ਸਰਕਾਰ ਦੀ ਹੈ ਅਤੇ ਖਾਨਾ ਕਾਸ਼ਤ ਵਿੱਚ ਮਕਬੂਜਾ ਮਹਿਕਮਾ, ਨਗਰ ਪਾਲਿਕਾ ਦਰਜ ਹੈ।ਇਸ ਤਰ੍ਹਾਂ ਇਹ ਬਣੀ ਹੋਈ ਸਾਰੀ ਉਸਾਰੀ ਰਾਜੀਨਾਮਾ ਕਰਨਯੋਗ ਨਾ ਹੈ ਅਤੇ ਇਸ ਅਣ-ਅਧਿਕਾਰਤ ਉਸਾਰੀ ਨੂੰ ਨਗਰ ਨਿਗਮ ਐਕਟ 1976 ਦੀ ਧਾਰਾ 246(1) ਅਧੀਨ ਗਿਰਾਇਆ ਜਾਣਾ ਬਣਦਾ ਹੈ।

Created with Scanner Mini

ਇਸ ਲਈ ਉਕਤ ਦੇ ਮੱਦੇ ਨਜਰ ਮੈਂ ਵਰਿੰਦਰਪਾਲ ਸਿੰਘ ਬਾਜਵਾ, ਪੀ.ਸੀ.ਐਸ, ਕਮਿਸ਼ਨਰ,ਨਗਰ ਨਿਗਮ, ਕਪੂਰਥਲਾ ਹੁਕਮ ਜਾਰੀ ਕਰਦਾ ਹਾਂ ਕਿ ਸ਼੍ਰੀਮਤੀ ਲਖਵਿੰਦਰ ਕੌਰ ਪਤਨੀ ਬਲਵਿੰਦਰ ਸਿੰਘ, ਵਾਸੀ ਧੱਕਾ ਕਲੋਨੀ, ਕਪੂਰਥਲਾ, ਵੱਲੋਂ ਜੋ ਉਕਤ ਸਰਕਾਰੀ ਜਗ੍ਹਾ ਤੇ ਨਜਾਇਜ ਕਬਜਾ ਕਰਕੇ ਉਸਾਰੀ ਕੀਤੀ ਹੈ, ਉਸ ਨੂੰ ਆਪਣੇ ਪੱਧਰ ਤੇ 15 ਦਿਨਾਂ ਦੇ ਅੰਦਰ -ਅੰਦਰ ਪੂਰੀ ਤਰ੍ਹਾਂ ਖਾਲੀ ਕਰਕੇ ਗਿਰਾ ਦਿੱਤਾ ਜਾਵੇ, ਨਹੀਂ ਤਾਂ ਵਿਭਾਗ ਵੱਲੋਂ ਉਕਤ ਕਬਜੇ ਵਾਲੀ ਅਣ-ਅਧਿਕਾਰਤ ਉਸਾਰੀ ਨੂੰ ਬਿਨ੍ਹਾਂ ਕੋਈ ਹੋਰ ਸਮਾਂ ਦਿੱਤੇ ਗਿਰਾ ਦਿੱਤਾ ਜਾਵੇਗਾ।

ਕਮਿਸ਼ਨਰ,
ਨਗਰ ਨਿਗਮ, ਕਪੂਰਥਲਾ।

ਪਿੱਠ ਅੰਕਣ ਨੰ: 2705-06

ਮਿਤੀ: 25/3/25

ਉਪਰੋਕਤ ਦਾ ਇੱਕ ਉਤਾਰਾ:-

1) ਮਾਨਯੋਗ ਡਿਪਟੀ ਕਮਿਸ਼ਨਰ, ਕਪੂਰਥਲਾ ਜੀ ਨੂੰ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ।
2) ਮਿਉਂਸਪਲ ਟਾਊਨ ਪਲੈਨਰ, ਨਗਰ ਨਿਗਮ, ਕਪੂਰਥਲਾ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਕਮਿਸ਼ਨਰ,
ਨਗਰ ਨਿਗਮ, ਕਪੂਰਥਲਾ।

26/3/25


DC KPT
2705, 2708
DT 25/3/25

26/3/25

Created with Scanner Mini

ਨੋਟਿਸ ਨੰ. 280/ATP ਅਤੇ ਨੋਟਿਸ ਨੰ. 2704 ਮਿਤੀ 25/3/25 ਨੂੰ ਚਸਪਾ ਕਰ ਦਿਤਾ ਹੈ ਜੀ।

25/3/25





Created with Scanner Mini